ਮਿੱਠੇ ਬੱਚੇ:- "ਮਿੱਠੇ ਬੱਚੇ ਹੁਣ ਤੁਹਾਨੂੰ ਸੰਪੂਰਨ ਬਣਨਾ ਹੈ ਕਿਉਂਕਿ ਵਾਪਿਸ ਘਰ ਜਾਣਾ ਹੈ ਅਤੇ ਫਿਰ ਪਾਵਨ ਦੁਨੀਆਂ ਵਿੱਚ ਆਉਣਾ ਹੈ"

ਪ੍ਰਸ਼ਨ:- ਸੰਪੂਰਨ ਪਾਵਨ ਬਣਨ ਦੀ ਯੁਕਤੀ ਕੀ ਹੈ?

ਉੱਤਰ:- ਸੰਪੂਰਨ ਪਾਵਨ ਬਣਨਾ ਹੈ ਤਾਂ ਪੂਰਾ ਬੈਗਰ ਬਣੋ, ਦੇਹ ਸਹਿਤ ਸਾਰੇ ਸੰਬੰਧਾਂ ਨੂੰ ਭੁੱਲੋ ਅਤੇ ਮੈਨੂੰ ਯਾਦ ਕਰੋ ਤੱਦ ਪਾਵਨ ਬਣਾਂਗੇ। ਹੁਣ ਤੁਸੀਂ ਇਨ੍ਹਾਂ ਅੱਖਾਂ ਤੋਂ ਜੋ ਕੁਝ ਵੇਖਦੇ ਹੋ ਇਹ ਸਭ ਵਿਨਾਸ਼ ਹੋਣਾ ਹੈ ਇਸਲਈ ਧਨ, ਸੰਪਤੀ, ਵੈਭਵ ਆਦਿ ਸਭ ਭੁੱਲ ਬੈਗਰ ਬਣੋ। ਇਵੇਂ ਦੇ ਬੈਗਰ ਹੀ ਪ੍ਰਿੰਸ ਬਣਦੇ ਹਨ।

ਓਮ ਸ਼ਾਂਤੀ। ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਸਮਝਾ ਰਹੇ ਹਨ। ਬੱਚੇ ਇਹ ਤਾਂ ਚੰਗੀ ਤਰ੍ਹਾਂ ਸਮਝਦੇ ਹਨ ਕਿ ਸ਼ੁਰੂ ਵਿੱਚ ਆਤਮਾਵਾਂ ਸਭ ਪਵਿੱਤਰ ਰਹਿੰਦੀਆਂ ਹਨ। ਅਸੀਂ ਹੀ ਪਾਵਨ ਸੀ, ਪਤਿਤ ਅਤੇ ਪਾਵਨ ਇਹ ਆਤਮਾ ਦੇ ਲਈ ਹੀ ਕਿਹਾ ਜਾਂਦਾ ਹੈ। ਆਤਮਾ ਪਾਵਨ ਹੈ ਤਾਂ ਸੁੱਖ ਹੈ। ਬੁੱਧੀ ਵਿੱਚ ਆਉਂਦਾ ਹੈ ਕਿ ਅਸੀਂ ਪਾਵਨ ਬਣਾਂਗੇ ਤੇ ਪਾਵਨ ਦੁਨੀਆ ਦੇ ਮਾਲਿਕ ਬਣਾਂਗੇ। ਇਸਦੇ ਲਈ ਹੀ ਪੁਰਸ਼ਾਰਥ ਕਰਦੇ ਹਨ। 5 ਹਜ਼ਾਰ ਵਰ੍ਹੇ ਪਹਿਲਾਂ ਪਾਵਨ ਦੁਨੀਆਂ ਸੀ। ਉਸ ਵਿੱਚ ਅੱਧਾਕਲਪ ਤੁਸੀਂ ਪਾਵਨ ਸੀ, ਬਾਕੀ ਰਿਹਾ ਅੱਧਾਕਲਪ। ਇਹ ਗੱਲਾਂ ਹੋਰ ਕੋਈ ਨਹੀਂ ਸਮਝ ਸਕਦਾ। ਤੁਸੀਂ ਜਾਣਦੇ ਹੋ ਪਤਿਤ ਅਤੇ ਪਾਵਨ, ਸੁੱਖ ਅਤੇ ਦੁੱਖ, ਦਿਨ ਅਤੇ ਰਾਤ ਅੱਧਾ - ਅੱਧਾ ਹੈ। ਜੋ ਚੰਗੇ ਸਮਝਦਾਰ ਹਨ, ਜਿਨ੍ਹਾਂ ਨੇ ਬਹੁਤ ਭਗਤੀ ਕੀਤੀ ਹੈ, ਉਹ ਹੀ ਚੰਗੀ ਰੀਤੀ ਸਮਝਣਗੇ। ਬਾਪ ਕਹਿੰਦੇ ਹਨ - ਮਿੱਠੇ ਬੱਚਿਓ, ਤੁਸੀਂ ਪਾਵਨ ਸੀ। ਨਵੀ ਦੁਨੀਆਂ ਵਿੱਚ ਸਿਰਫ ਤੁਸੀਂ ਹੀ ਸੀ। ਬਾਕੀ ਜੋ ਇੰਨੇ ਸਭ ਹਨ ਉਹ ਸ਼ਾਂਤੀਧਾਮ ਵਿੱਚ ਸੀ। ਪਹਿਲੇ - ਪਹਿਲੇ ਅਸੀਂ ਪਾਵਨ ਸੀ ਅਤੇ ਬਹੁਤ ਥੋੜ੍ਹੇ ਸੀ ਫਿਰ ਨੰਬਰਵਾਰ ਮਨੁੱਖ ਸ੍ਰਿਸ਼ਟੀ ਵਾਧੇ ਨੂੰ ਪਾਉਂਦੇ ਹਨ। ਹੁਣ ਤੁਸੀਂ ਮਿੱਠੇ ਬੱਚਿਆਂ ਨੂੰ ਕੌਣ ਸਮਝਾ ਰਹੇ ਹਨ? ਬਾਪ। ਆਤਮਾਵਾਂ ਨੂੰ ਪਰਮਾਤਮਾ ਬਾਪ ਸਮਝਾਉਂਦੇ ਹਨ, ਇਸ ਨੂੰ ਕਿਹਾ ਜਾਂਦਾ ਹੈ ਸੰਗਮ। ਇਸ ਨੂੰ ਹੀ ਕੁੰਭ ਕਿਹਾ ਜਾਂਦਾ ਹੈ। ਮਨੁੱਖ ਇਸ ਸੰਗਮਯੁੱਗ ਨੂੰ ਭੁੱਲ ਗਏ ਹਨ। ਬਾਬਾ ਨੇ ਸਮਝਾਇਆ ਹੈ 4 ਯੁੱਗ ਹੁੰਦੇ ਹਨ, ਪੰਜਵਾਂ ਇਹ ਛੋਟਾ ਜਿਹਾ ਲੀਪ ਸੰਗਮਯੁੱਗ ਹੈ। ਇਸ ਦੀ ਉਮਰ ਛੋਟੀ ਹੈ। ਬਾਪ ਕਹਿੰਦੇ ਹਨ ਮੈਂ ਇਨ੍ਹਾਂ ਦੀ ਵਾਣਪ੍ਰਸਤ ਅਵਸਥਾ ਵਿੱਚ ਪ੍ਰਵੇਸ਼ ਕਰਦਾ ਹਾਂ, ਬਹੁਤ ਜਨਮਾਂ ਦੇ ਅੰਤ ਦੇ ਵੀ ਅੰਤ ਵਿੱਚ। ਬੱਚਿਆਂ ਨੂੰ ਇਹ ਖਾਤਿਰੀ ਹੈ ਨਾ। ਬਾਪ ਨੇ ਇਨ੍ਹਾਂ ਵਿੱਚ ਪ੍ਰਵੇਸ਼ ਕੀਤਾ ਹੈ, ਇਨ੍ਹਾਂ ਦੀ ਵੀ ਬਾਇਓਗ੍ਰਾਫੀ ਦੱਸੀ ਹੈ। ਬਾਪ ਕਹਿੰਦੇ ਹਨ ਮੈਂ ਆਤਮਾਵਾਂ ਨਾਲ ਹੀ ਗੱਲ ਕਰਦਾ ਹਾਂ। ਆਤਮਾ ਅਤੇ ਸ਼ਰੀਰ ਦੋਵਾਂ ਦਾ ਹੀ ਇਕੱਠਾ ਪਾਰਟ ਹੁੰਦਾ ਹੈ। ਇਸ ਨੂੰ ਕਿਹਾ ਜਾਂਦਾ ਹੈ ਜੀਵ ਆਤਮਾ। ਪਵਿੱਤਰ ਜੀਵ ਆਤਮਾ, ਅਪਵਿੱਤਰ ਜੀਵ ਆਤਮਾ। ਤੁਹਾਡੀ ਬੱਚਿਆਂ ਦੀ ਬੁੱਧੀ ਵਿੱਚ ਹੈ ਕਿ ਸਤਿਯੁੱਗ ਵਿੱਚ ਬਹੁਤ ਥੋੜ੍ਹੇ ਦੇਵੀ- ਦੇਵਤਾ ਹੁੰਦੇ ਹਨ। ਫ਼ਿਰ ਆਪਣੇ ਲਈ ਵੀ ਕਹਿਣਗੇ ਅਸੀਂ ਜੀਵ ਆਤਮਾ ਜੋ ਸਤਿਯੁੱਗ ਵਿੱਚ ਪਾਵਨ ਸੀ ਉਹ ਫ਼ਿਰ 84 ਜਨਮਾਂ ਤੋਂ ਬਾਦ ਪਤਿਤ ਬਣੀ ਹੈ। ਪਤਿਤ ਤੋਂ ਪਾਵਨ, ਪਾਵਨ ਤੋਂ ਪਤਿਤ - ਇਹ ਚੱਕਰ ਫਿਰਦਾ ਹੀ ਰਹਿੰਦਾ ਹੈ। ਯਾਦ ਵੀ ਉਸ ਪਤਿਤ ਪਾਵਨ ਬਾਪ ਨੂੰ ਹੀ ਕਰਦੇ ਹਨ। ਤਾਂ ਹਰ 5 ਹਜ਼ਾਰ ਸਾਲ ਬਾਅਦ ਬਾਬਾ ਇੱਕ ਹੀ ਵਾਰ ਆਉਂਦੇ ਹਨ, ਆਕੇ ਸਵਰਗ ਦੀ ਸਥਾਪਨਾ ਕਰਦੇ ਹਨ। ਭਗਵਾਨ ਇੱਕ ਹੈ, ਜਰੂਰ ਉਹ ਹੀ ਪੁਰਾਣੀ ਦੁਨੀਆਂ ਨੂੰ ਨਵਾਂ ਬਣਾਉਣਗੇ। ਫ਼ਿਰ ਨਵੇਂ ਨੂੰ ਪੁਰਾਣਾ ਕੌਣ ਬਣਾਉਂਦਾ ਹੈ? ਰਾਵਣ, ਕਿਉਂਕਿ ਰਾਵਣ ਹੀ ਦੇਹ - ਅਭਿਮਾਨੀ ਬਣਾਉਂਦੇ ਹਨ। ਦੁਸ਼ਮਣ ਨੂੰ ਜਲਾਇਆ ਜਾਂਦਾ ਹੈ, ਮਿੱਤਰ ਨੂੰ ਨਹੀਂ ਜਲਾਇਆ ਜਾਂਦਾ ਹੈ। ਸਰਵ ਦਾ ਮਿੱਤਰ ਇੱਕ ਹੀ ਬਾਪ ਹੈ ਜੋ ਸਭ ਦੀ ਸਦਗਤੀ ਕਰਦੇ ਹਨ। ਉਨ੍ਹਾਂਨੂੰ ਸਭ ਯਾਦ ਕਰਦੇ ਹਨ ਕਿਉਂਕਿ ਉਹ ਹੈ ਹੀ ਸਭਨੂੰ ਸੁੱਖ ਦੇਣ ਵਾਲਾ। ਤਾਂ ਜਰੂਰ ਕੋਈ ਦੁੱਖ ਦੇਣ ਵਾਲਾ ਵੀ ਹੋਵੇਗਾ। ਉਹ ਹੈ 5 ਵਿਕਾਰ ਰੂਪੀ ਰਾਵਣ। ਅੱਧਾਕਲਪ ਰਾਮਰਾਜ, ਅੱਧਾਕਲਪ ਰਾਵਣਰਾਜ। ਸਵਾਸਤਿਕਾ ਕੱਢਦੇ ਹਨ ਨਾ। ਇਸ ਦਾ ਮਤਲਬ ਵੀ ਬਾਪ ਦੱਸਦੇ ਹਨ। ਇਸ ਵਿੱਚ ਪੂਰਾ ਚੌਥਾ ਹੁੰਦਾ ਹੈ। ਜਰਾ ਵੀ ਘੱਟ ਵੱਧ ਨਹੀਂ ਹੁੰਦਾ। ਇਹ ਡਰਾਮਾ ਬੜਾ ਐਕੂਰੇਟ ਹੈ। ਕਈ ਸਮਝਦੇ ਹਨ ਅਸੀਂ ਇਸ ਡਰਾਮੇ ਤੋਂ ਨਿਕਲ ਜਾਈਏ, ਬਹੁਤ ਦੁੱਖੀ ਹਾਂ ਇਸ ਨਾਲੋਂ ਤੇ ਜਾਕੇ ਜੋਤੀ ਜੋਤ ਸਮਾਂ ਜਾਈਏ ਜਾਂ ਬ੍ਰਹਮ ਵਿੱਚ ਲੀਨ ਹੋ ਜਾਈਏ। ਪਰ ਕੋਈ ਵੀ ਜਾ ਨਹੀਂ ਸਕਦਾ। ਕੀ - ਕੀ ਖਿਆਲਾਤ ਕਰਦੇ ਹਨ। ਭਗਤੀ ਮਾਰਗ ਵਿੱਚ ਕੋਸ਼ਿਸ਼ ਵੀ ਵੱਖ - ਵੱਖ ਕਰਦੇ ਹਨ। ਸੰਨਿਆਸੀ ਸ਼ਰੀਰ ਛੱਡਣਗੇ ਤਾਂ ਇਵੇਂ ਕਦੇ ਨਹੀਂ ਕਹਿਣਗੇ ਕਿ ਸਵਰਗ ਵਾਂ ਬੈਕੁੰਠ ਪਧਾਰਿਆ। ਪ੍ਰਵ੍ਰਿਤੀ ਮਾਰਗ ਵਾਲੇ ਕਹਿਣਗੇ ਫਲਾਣਾ ਸਵਰਗ ਪਧਾਰਿਆ। ਆਤਮਾਵਾਂ ਨੂੰ ਸਵਰਗ ਯਾਦ ਹੈ ਨਾ। ਤੁਹਾਂਨੂੰ ਸਭ ਤੋਂ ਜ਼ਿਆਦਾ ਯਾਦ ਹੈ। ਤੁਹਾਨੂੰ ਦੋਵਾਂ ਦੀ ਹਿਸਟਰੀ - ਜੋਗ੍ਰਾਫੀ ਦਾ ਪਤਾ ਹੈ। ਹੋਰ ਕਿਸੇ ਨੂੰ ਤੇ ਪਤਾ ਨਹੀਂ। ਤੁਹਾਨੂੰ ਵੀ ਪਤਾ ਨਹੀਂ ਸੀ। ਬਾਪ ਬੈਠ ਬੱਚਿਆਂ ਨੂੰ ਸਭ ਰਾਜ ਸਮਝਾਉਂਦੇ ਹਨ।

ਇਹ ਮਨੁੱਖ ਸ੍ਰਿਸ਼ਟੀ ਰੂਪੀ ਬ੍ਰਿਖ ਹੈ। ਬ੍ਰਿਖ ਦਾ ਜਰੂਰ ਬੀਜ਼ ਵੀ ਹੋਣਾ ਚਾਹੀਦਾ ਹੈ। ਬਾਪ ਹੀ ਸਮਝਾਉਂਦੇ ਹਨ, ਪਾਵਨ ਦੁਨੀਆਂ ਕਿਵੇਂ ਪਤਿਤ ਬਣਦੀ ਹੈ ਫ਼ਿਰ ਮੈਂ ਪਾਵਨ ਬਣਾਉਂਦਾ ਹਾਂ। ਪਾਵਨ ਦੁਨੀਆਂ ਨੂੰ ਕਿਹਾ ਜਾਂਦਾ ਹੈ ਸਵਰਗ। ਸਵਰਗ ਪਾਸਟ ਹੋ ਗਿਆ ਫ਼ਿਰ ਜਰੂਰ ਰਪੀਟ ਹੋਣਾ ਹੈ। ਇਸਲਈ ਕਿਹਾ ਜਾਂਦਾ ਹੈ ਵਰਲਡ ਦੀ ਹਿਸਟਰੀ - ਜੋਗ੍ਰਾਫੀ ਰਪੀਟ ਹੁੰਦੀ ਹੈ ਮਤਲਬ ਵਰਲਡ ਹੀ ਪੁਰਾਣੀ ਤੋਂ ਨਵੀ, ਨਵੀਂ ਤੋਂ ਪੁਰਾਣੀ ਹੁੰਦੀ ਹੈ। ਰਪੀਟ ਮਤਲਬ ਹੀ ਡਰਾਮਾ ਹੈ। 'ਡਰਾਮਾ' ਅੱਖਰ ਬਹੁਤ ਚੰਗਾ ਹੈ, ਸ਼ੋਭਦਾ ਹੈ। ਚੱਕਰ ਹੂਬਹੂ ਫਿਰਦਾ ਹੀ ਰਹਿੰਦਾ ਹੈ, ਨਾਟਕ ਨੂੰ ਹੂਬਹੂ ਨਹੀਂ ਕਿਹਾ ਜਾਂਦਾ। ਕੋਈ ਬੀਮਾਰ ਹੋ ਜਾਂਦੇ ਹਨ ਤਾਂ ਛੁੱਟੀ ਲੈ ਲੈਂਦੇ ਹਨ। ਤਾਂ ਤੁਹਾਡੀ

ਬੱਚਿਆਂ ਦੀ ਬੁੱਧੀ ਵਿੱਚ ਹੈ - ਅਸੀਂ ਪੂਜੀਯ ਦੇਵਤਾ ਸੀ ਫਿਰ ਪੂਜਾਰੀ ਬਣੇ। ਬਾਪ ਆਕੇ ਪਤਿਤ ਤੋਂ ਪਾਵਨ ਹੋਣ ਦੀ ਯੁਕਤੀ ਦਸਦੇ ਹਨ ਜੋ 5 ਹਜ਼ਾਰ ਵਰ੍ਹੇ ਪਹਿਲੋਂ ਦੱਸੀ ਸੀ। ਸਿਰਫ ਕਹਿੰਦੇ ਹਨ ਬੱਚਿਓ ਮੈਨੂੰ ਯਾਦ ਕਰੋ। ਬਾਪ ਪਹਿਲੋਂ - ਪਹਿਲੋਂ ਤੁਹਾਨੂੰ ਆਤਮ - ਅਭਿਮਾਨੀ ਬਣਾਉਂਦੇ ਹਨ। ਪਹਿਲੋਂ - ਪਹਿਲੋਂ ਇਹ ਸਬਕ ( ਪਾਠ ) ਦਿੰਦੇ ਹਨ - ਬੱਚੇ, ਆਪਣੇ ਨੂੰ ਆਤਮਾ ਸਮਝੋ, ਬਾਪ ਨੂੰ ਯਾਦ ਕਰੋ। ਇੰਨਾ ਤੁਹਾਨੂੰ ਯਾਦ ਕਰਵਾਉਂਦਾ ਹਾਂ ਤੁਸੀਂ ਫ਼ਿਰ ਵੀ ਭੁੱਲ ਜਾਂਦੇ ਹੋ! ਭੁੱਲਦੇ ਹੀ ਰਹੋਗੇ ਜਦੋਂ ਤੱਕ ਡਰਾਮੇ ਦਾ ਅੰਤ ਆਵੇ। ਅੰਤ ਵਿੱਚ ਜਦੋਂ ਵਿਨਾਸ਼ ਦਾ ਸਮਾਂ ਹੋਵੇਗਾ ਤਾਂ ਪੜ੍ਹਾਈ ਪੂਰੀ ਹੋਵੇਗੀ ਫਿਰ ਤੁਸੀਂ ਸ਼ਰੀਰ ਛੱਡ ਦਿਉਗੇ। ਜਿਵੇਂ ਸੱਪ ਵੀ ਇੱਕ ਪੁਰਾਣੀ ਖੱਲ ਛੱਡ ਦਿੰਦੇ ਹਨ ਨਾ। ਤਾਂ ਬਾਪ ਵੀ ਸਮਝਾਉਂਦੇ ਹਨ ਤੁਸੀਂ ਜਦੋ ਬੈਠਦੇ ਹੋ ਅਤੇ ਚਲਦੇ - ਫਿਰਦੇ ਹੋ, ਦੇਹੀ - ਅਭਿਮਾਨੀ ਹੋਕੇ ਰਹੋ। ਪਹਿਲੋਂ ਤੁਹਾਨੂੰ ਦੇਹ - ਅਭਿਮਾਨ ਸੀ। ਹੁਣ ਬਾਪ ਕਹਿੰਦੇ ਹਨ ਆਤਮ - ਅਭਿਮਾਨੀ ਬਣੋ। ਦੇਹ - ਅਭਿਮਾਨ ਵਿੱਚ ਆਉਂਣ ਨਾਲ ਤੁਹਾਨੂੰ 5 ਵਿਕਾਰ ਫੜ੍ਹ ਲੈਂਦੇ ਹਨ। ਆਤਮ - ਅਭਿਮਾਨੀ ਬਣਨ ਨਾਲ ਕੋਈ ਵਿਕਾਰ ਫੜ੍ਹੇਗਾ ਨਹੀਂ। ਦੇਹੀ - ਅਭਿਮਾਨੀ ਬਣ ਬਾਪ ਨੂੰ ਬਹੁਤ ਪਿਆਰ ਨਾਲ ਯਾਦ ਕਰਨਾ ਹੈ। ਆਤਮਾਵਾਂ ਨੂੰ ਪਰਮਾਤਮਾ ਬਾਪ ਦਾ ਪਿਆਰ ਮਿਲਦਾ ਹੈ, ਇਸ ਸੰਗਮਯੁੱਗ ਤੇ। ਇਸਨੂੰ ਕਲਿਆਣਕਾਰੀ ਸੰਗਮਯੁੱਗ ਕਿਹਾ ਜਾਂਦਾ ਹੈ, ਜਦੋਂ ਬਾਪ ਅਤੇ ਬੱਚੇ ਆਕੇ ਮਿਲਦੇ ਹਨ। ਤੁਸੀਂ ਆਤਮਾਵਾਂ ਵੀ ਸ਼ਰੀਰ ਵਿੱਚ ਹੋ। ਬਾਪ ਵੀ ਸ਼ਰੀਰ ਵਿੱਚ ਆਕੇ ਤੁਹਾਨੂੰ ਆਤਮਾ ਨਿਸ਼ਚੇ ਕਰਵਾਉਂਦੇ ਹਨ। ਬਾਪ ਇੱਕ ਹੀ ਵਾਰੀ ਆਉਂਦੇ ਹਨ ਜਦੋਂਕਿ ਸਭਨੂੰ ਵਾਪਿਸ ਲੈ ਜਾਣਾ ਹੈ। ਸਮਝਾਉਂਦੇ ਵੀ ਹਨ, ਮੈਂ ਤੁਹਾਨੂੰ ਕਿਵੇਂ ਵਾਪਿਸ ਲੈ ਜਾਵਾਂਗਾ। ਤੁਸੀਂ ਕਹਿੰਦੇ ਵੀ ਹੋ ਅਸੀਂ ਸਾਰੇ ਪਤਿਤ ਹਾਂ, ਤੁਸੀਂ ਪਾਵਨ ਹੋ। ਤੁਸੀਂ ਆਕੇ ਸਾਨੂੰ ਪਾਵਨ ਬਣਾਓ। ਤੁਹਾਨੂੰ ਬੱਚਿਆਂ ਨੂੰ ਪਤਾ ਨਹੀਂ ਹੈ ਕਿ ਬਾਬਾ ਕਿਵੇਂ ਪਾਵਨ ਬਣਾਉਣਗੇ। ਜਦੋਂ ਤੱਕ ਬਣਾਉਣ ਨਹੀਂ ਉਦੋਂ ਤੱਕ ਕੀ ਜਾਨਣ। ਇਹ ਵੀ ਤੁਸੀਂ ਸਮਝਦੇ ਹੋ ਆਤਮਾ ਛੋਟਾ ਸਿਤਾਰਾ ਹੈ। ਬਾਪ ਵੀ ਛੋਟਾ ਸਿਤਾਰਾ ਹੈ। ਪਰੰਤੂ ਉਹ ਗਿਆਨ ਦਾ ਸਾਗਰ, ਸ਼ਾਂਤੀ ਦਾ ਸਾਗਰ ਹੈ। ਤੁਹਾਨੂੰ ਵੀ ਆਪਣੇ ਵਰਗਾ ਬਣਾਉਂਦੇ ਹਨ। ਇਹ ਗਿਆਨ ਤੁਹਾਨੂੰ ਬੱਚਿਆਂ ਨੂੰ ਹੈ ਜੋ ਤੁਸੀਂ ਫਿਰ ਸਭ ਨੂੰ ਸਮਝਾਉਂਦੇ ਹੋ। ਫਿਰ ਸਤਿਯੁੱਗ ਵਿੱਚ ਜਦੋਂ ਤੁਸੀਂ ਹੋਵੋਗੇ ਤਾਂ ਇਹ ਗਿਆਨ ਸੁਣਾਉਣਗੇ ਕੀ? ਨਹੀਂ। ਗਿਆਨ ਸਾਗਰ ਬਾਪ ਤਾਂ ਇੱਕ ਹੀ ਹੈ ਜੋ ਤੁਹਾਨੂੰ ਹੁਣ ਪੜ੍ਹਾਉਂਦੇ ਹਨ। ਜੀਵਨ ਕਹਾਣੀ ਤਾਂ ਸਭ ਦੀ ਚਾਹੀਦੀ ਹੈ ਨਾ। ਉਹ ਬਾਪ ਸੁਣਾਉਂਦੇ ਹੀ ਰਹਿੰਦੇ ਹਨ। ਪਰੰਤੂ ਤੁਸੀਂ ਘੜੀ - ਘੜੀ ਭੁੱਲ ਜਾਂਦੇ ਹੋ। ਤੁਹਾਡੀ ਮਾਇਆ ਦੇ ਨਾਲ ਲੜਾਈ ਹੈ। ਤੁਸੀਂ ਮਹਿਸੂਸ ਕਰਦੇ ਹੋ ਬਾਬਾ ਨੂੰ ਅਸੀਂ ਯਾਦ ਕਰਦੇ ਹਾਂ, ਫ਼ਿਰ ਭੁੱਲ ਜਾਂਦੇ ਹਾਂ। ਬਾਪ ਕਹਿੰਦੇ ਹਨ ਮਾਇਆ ਹੀ ਤੁਹਾਡੀ ਦੁਸ਼ਮਣ ਹੈ, ਜੋ ਤੁਹਾਨੂੰ ਭੁਲਾ ਦੇਂਦੀ ਹੈ ਮਤਲਬ ਬਾਪ ਤੋਂ ਬੇਮੁੱਖ ਕਰ ਦਿੰਦੀ ਹੈ। ਤੁਸੀਂ ਬੱਚੇ ਇੱਕ ਹੀ ਵਾਰੀ ਬਾਪ ਦੇ ਸਾਮ੍ਹਣੇ ਹੁੰਦੇ ਹੋ। ਬਾਪ ਇੱਕ ਹੀ ਵਾਰੀ ਵਰਸਾ ਦਿੰਦੇ ਹਨ। ਫਿਰ ਬਾਪ ਨੂੰ ਸਾਹਮਣੇ ਆਉਣ ਦੀ ਲੋੜ ਹੀ ਨਹੀਂ। ਪਾਪ ਆਤਮਾ ਤੋਂ ਪੁਨੰਯ ਆਤਮਾ, ਸਵਰਗ ਦਾ ਮਾਲਿਕ ਬਣਾਇਆ। ਬਸ ਫਿਰ ਕੀ ਆਕੇ ਕਰਨਗੇ। ਤੁਸੀਂ ਬੁਲਾਇਆ ਅਤੇ ਮੈਂ ਬਿਲਕੁਲ ਪੂਰੇ ਟਾਈਮ ਤੇ ਆਇਆ। ਹਰ 5 ਹਜ਼ਾਰ ਸਾਲ ਬਾਅਦ ਮੈਂ ਆਪਣੇ ਸਮੇਂ ਤੇ ਆਉਂਦਾ ਹਾਂ। ਇਹ ਕਿਸੇ ਨੂੰ ਵੀ ਪਤਾ ਨਹੀਂ ਹੈ। ਸ਼ਿਵਰਾਤਰੀ ਕਿਉਂ ਮਨਾਉਂਦੇ ਹਨ, ਉਸਨੇ ਕੀ ਕੀਤਾ? ਕਿਸਨੂੰ ਵੀ ਪਤਾ ਨਹੀਂ ਹੈ ਇਸਲਈ ਸ਼ਿਵਰਾਤਰੀ ਦੀ ਹੋਲੀਡੇ ਆਦਿ ਕੁਝ ਨਹੀਂ ਕਰਦੇ ਹਨ। ਹੋਰ ਸਭ ਦੀ ਹੋਲੀਡੇ ਕਰਦੇ ਹਨ ਲੇਕਿਨ ਸ਼ਿਵਬਾਬਾ ਆਉਂਦੇ ਹਨ, ਇੰਨਾ ਪਾਰਟ ਵਜਾਉਂਦੇ ਹਨ, ਉਸਦਾ ਕਿਸੇ ਨੂੰ ਪਤਾ ਨਹੀਂ ਲਗਦਾ। ਅਰਥ ਹੀ ਨਹੀਂ ਜਾਣਦੇ। ਭਾਰਤ ਵਿੱਚ ਕਿੰਨਾ ਅਗਿਆਨ ਹੈ।

ਤੁਸੀਂ ਬੱਚੇ ਜਾਣਦੇ ਹੋ ਕਿ ਸ਼ਿਵਬਾਬਾ ਹੀ ਉੱਚ ਤੋਂ ਉੱਚ ਹੈ ਤਾਂ ਜਰੂਰ ਮਨੁੱਖਾਂ ਨੂੰ ਉੱਚ ਤੋਂ ਉੱਚ ਬਣਾਉਣਗੇ। ਬਾਪ ਕਹਿੰਦੇ ਹਨ ਮੈਂ ਇਨ੍ਹਾਂ ਨੂੰ ਗਿਆਨ ਦਿੱਤਾ, ਯੋਗ ਸਿਖਾਇਆ ਫਿਰ ਉਹ ਨਰ ਤੋਂ ਨਰਾਇਣ ਬਣਿਆ। ਉਨ੍ਹਾਂ ਨੇ ਇਹ ਨਾਲੇਜ ਸੁਣੀ ਹੈ। ਇਹ ਗਿਆਨ ਤੁਹਾਡੇ ਲਈ ਹੀ ਹੈ, ਹੋਰ ਕਿਸੇ ਨੂੰ ਸ਼ੋਭਦਾ ਨਹੀਂ। ਤੁਸੀਂ ਫਿਰ ਤੋਂ ਬਣਨਾ ਹੈ ਹੋਰ ਕੋਈ ਨਹੀਂ ਬਣਦੇ। ਇਹ ਹੈ ਨਰ ਤੋਂ ਨਰਾਇਣ ਬਣਨ ਦੀ ਕਥਾ। ਜਿੰਨ੍ਹਾਂ ਨੇ ਹੋਰ ਧਰਮ ਸਥਾਪਨ ਕੀਤੇ, ਸਭ ਪੁਨਰਜਨਮ ਲੈਂਦੇ - ਲੈਂਦੇ ਤਮੋਪ੍ਰਧਾਨ ਬਣੇ ਹਨ ਫਿਰ ਉਨ੍ਹਾਂ ਸਾਰਿਆਂ ਨੇ ਸਤੋਪ੍ਰਧਾਨ ਬਣਨਾ ਹੈ। ਉਸ ਪਦ ਦੇ ਅਨੁਸਾਰ ਫਿਰ ਰਪੀਟ ਕਰਨਾ ਹੈ। ਉੱਚ ਪਾਰਟਧਾਰੀ ਬਣਨ ਦੇ ਲਈ ਤੁਸੀਂ ਕਿੰਨਾ ਪੁਰਸ਼ਾਰਥ ਕਰ ਰਹੇ ਹੋ? ਕੌਣ ਪੁਰਸ਼ਾਰਥ ਕਰਵਾ ਰਹੇ ਹਨ? ਬਾਬਾ। ਤੁਸੀ ਉੱਚ ਬਣ ਜਾਂਦੇ ਹੋ ਫਿਰ ਕਦੇ ਯਾਦ ਵੀ ਨਹੀਂ ਕਰਦੇ ਹੋ। ਸਵਰਗ ਵਿੱਚ ਥੋੜ੍ਹੀ ਨਾ ਯਾਦ ਕਰੋਗੇ। ਉੱਚ ਤੋਂ ਉੱਚ ਬਾਪ ਹੈ, ਫਿਰ ਬਣਾਉਂਦੇ ਵੀ ਉੱਚ ਹਨ। ਨਾਰਾਇਣ ਤੋਂ ਪਹਿਲਾਂ ਤਾਂ ਸ਼੍ਰੀਕ੍ਰਿਸ਼ਨ ਹੈ। ਫਿਰ ਤੁਸੀਂ ਇਵੇਂ ਕਿਉਂ ਕਹਿੰਦੇ ਹੋ ਕਿ ਨਰ ਤੋਂ ਨਾਰਾਇਣ ਬਣੇ? ਕਿਉਂ ਨਹੀਂ ਕਹਿੰਦੇ ਹੋ ਨਰ ਤੋਂ ਕ੍ਰਿਸ਼ਨ ਬਣੋਂ? ਪਹਿਲੋਂ ਨਾਰਾਇਣ ਥੋੜ੍ਹੀ ਨਾ ਬਣਾਂਗੇ? ਪਹਿਲਾਂ ਤਾਂ ਪ੍ਰਿੰਸ ਸ਼੍ਰੀਕ੍ਰਿਸ਼ਨ ਬਣਾਂਗੇ ਨਾ। ਬੱਚਾ ਤਾਂ ਫੁੱਲ ਹੁੰਦਾ ਹੈ ਉਹ ਤਾਂ ਫਿਰ ਵੀ ਯੁਗਲ ਬਣ ਜਾਂਦੇ ਹਨ। ਮਹਿਮਾ ਬ੍ਰਹਮਚਾਰੀ ਦੀ ਹੁੰਦੀ ਹੈ। ਛੋਟੇ ਬੱਚੇ ਨੂੰ ਸਤੋਪ੍ਰਧਾਨ ਕਿਹਾ ਜਾਂਦਾ ਹੈ, ਤੁਹਾਨੂੰ ਬੱਚਿਆਂ ਨੂੰ ਖ਼ਿਆਲ ਵਿੱਚ ਆਉਣਾ ਚਾਹੀਦਾ ਹੈ - ਅਸੀਂ ਪਹਿਲੋਂ - ਪਹਿਲੋਂ ਜਰੂਰ ਪ੍ਰਿੰਸ ਬਣਾਂਗੇ। ਗਾਇਆ ਵੀ ਜਾਂਦਾ ਹੈ - ਬੈਗਰ ਟੂ ਪ੍ਰਿੰਸ। ਬੈਗ਼ਰ ਕਿਸਨੂੰ ਕਿਹਾ ਜਾਂਦਾ ਹੈ? ਆਤਮਾ ਨੂੰ ਹੀ ਸ਼ਰੀਰ ਦੇ ਨਾਲ ਬੈਗ਼ਰ ਜਾਂ ਸ਼ਾਹੂਕਾਰ ਕਹਿੰਦੇ ਹਨ। ਇਸ ਵੇਲ਼ੇ ਤੁਸੀਂ ਜਾਣਦੇ ਹੋ ਸਾਰੇ ਬੈਗ਼ਰ ਬਣ ਜਾਂਦੇ ਹਨ। ਸਭ ਖ਼ਤਮ ਹੋ ਜਾਂਦੇ ਹਨ। ਤੁਹਾਨੂੰ ਇਸ ਵੇਲ਼ੇ ਹੀ ਬੈਗ਼ਰ ਬਣਨਾ ਹੈ, ਸ਼ਰੀਰ ਸਮੇਤ। ਪਾਈ ਪੈਸੇ ਜੋ ਕੁਝ ਵੀ ਹਨ ਖ਼ਤਮ ਹੋ ਜਾਣਗੇ। ਆਤਮਾ ਨੂੰ ਬੈਗ਼ਰ ਬਣਨਾ ਹੈ, ਸਭ ਕੁਝ ਛੱਡਣਾ ਹੈ। ਫਿਰ ਪ੍ਰਿੰਸ ਬਣਨਾ ਹੈ। ਤੁਸੀਂ ਜਾਣਦੇ ਹੋ ਧਨ ਦੌਲਤ ਆਦਿ ਸਭ ਛੱਡ ਕੇ ਬੈਗ਼ਰ ਬਣ ਅਸੀਂ ਘਰ ਜਾਵਾਂਗੇ। ਫਿਰ ਨਵੀਂ ਦੁਨੀਆਂ ਵਿੱਚ ਪ੍ਰਿੰਸ ਬਣਕੇ ਆਵਾਂਗੇ। ਜੋ ਕੁਝ ਵੀ ਹੈ ਸਭ ਕੁਝ ਛੱਡਣਾ ਹੈ। ਇਹ ਪੁਰਾਣੀ ਚੀਜ ਕਿਸੇ ਕੰਮ ਦੀ ਨਹੀਂ ਹੈ। ਆਤਮਾ ਪਵਿੱਤਰ ਹੋ ਜਾਵੇਗੀ ਫਿਰ ਇੱਥੇ ਆਏਗੀ ਪਾਰਟ ਵਜਾਉਣ। ਕਲਪ ਪਹਿਲੇ ਦੀ ਤਰ੍ਹਾਂ। ਜਿਨ੍ਹਾਂ - ਜਿਨ੍ਹਾਂ ਤੁਸੀਂ ਧਾਰਨ ਕਰੋਗੇ ਉਨਾਂ ਉੱਚ ਪਦ ਮਿਲੇਗਾ। ਭਾਵੇਂ ਇਸ ਵੇਲੇ ਕਿਸੇ ਦੇ ਕੋਲ 5 ਕਰੋੜ ਵੀ ਹਨ ਸਭ ਖ਼ਤਮ ਹੋ ਜਾਣਗੇ। ਅਸੀਂ ਫਿਰ ਤੋਂ ਆਪਣੀ ਨਵੀਂ ਦੁਨੀਆਂ ਵਿੱਚ ਜਾਂਦੇ ਹਾਂ। ਇੱਥੇ ਤੁਸੀਂ ਆਏ ਹੋ ਨਵੀਂ ਦੁਨੀਆਂ ਵਿੱਚ ਜਾਣ ਦੇ ਲਈ। ਹੋਰ ਕੋਈ ਸਤਿਸੰਗ ਨਹੀਂ ਜਿਸ ਵਿੱਚ ਇਹ ਸਮਝਣ ਕਿ ਅਸੀਂ ਨਵੀਂ ਦੁਨੀਆਂ ਦੇ ਲਈ ਪੜ੍ਹ ਰਹੇ ਹਾਂ। ਤੁਹਾਡੀ ਬੱਚਿਆਂ ਦੀ ਬੁੱਧੀ ਵਿੱਚ ਹੈ ਬਾਬਾ ਸਾਨੂੰ ਪਹਿਲੋਂ ਬੈਗ਼ਰ ਬਣਾਕੇ ਫਿਰ ਪ੍ਰਿੰਸ ਬਣਾਉਂਦੇ ਹਨ। ਦੇਹ ਦੇ ਸਾਰੇ

ਸਬੰਧ ਛੱਡੇ ਤਾਂ ਬੈਗਰ ਠਹਿਰਿਆ ਨਾ। ਕੁਝ ਵੀ ਹੈ ਨਹੀਂ। ਹੁਣ ਭਾਰਤ ਵਿੱਚ ਕੁਝ ਨਹੀਂ ਹੈ। ਭਾਰਤ ਹੁਣ ਬੈਗ਼ਰ, ਇੰਸਾਲਵੇਂਟ ਹੈ। ਫਿਰ ਸਾਲਵੇਂਟ ਹੋਵੇਗਾ। ਕਿਉਂ ਬਣਾਉਂਦੇ ਹਨ ? ਆਤਮਾ ਸ਼ਰੀਰ ਦੁਆਰਾ ਬਣਦੀ ਹੈ। ਹੁਣ ਰਾਜਾ ਰਾਣੀ ਵੀ ਹੈ ਨਹੀਂ। ਉਹ ਵੀ ਇੰਸਾਲਵੇਂਟ ਹਨ, ਰਾਜੇ - ਰਾਣੀ ਦਾ ਤਾਜ ਵੀ ਨਹੀਂ ਹੈ। ਨਾ ਉਹ ਤਾਜ ਹੈ, ਨਾ ਰਤਨ ਜੜਿਤ ਤਾਜ ਹੈ। ਅੰਧੇਰੀ ਨਗਰੀ ਹੈ, ਸਰਵਵਿਆਪੀ ਕਹਿ ਦਿੰਦੇ ਹਨ। ਗੋਇਆ ਸਭ ਵਿੱਚ ਭਗਵਾਨ ਹਨ। ਸਭ ਇਕ ਸਮਾਨ ਹੈ, ਕੁੱਤੇ - ਬਿੱਲੀ ਸਭ ਵਿੱਚ ਹਨ ਇਸਨੂੰ ਕਿਹਾ ਜਾਂਦਾ ਅੰਧੇਰ ਨਗਰੀ... ਤੁਹਾਡੀ ਬ੍ਰਾਹਮਣਾ ਦੀ ਰਾਤ ਸੀ। ਹੁਣ ਸਮਝਦੇ ਹੋ ਗਿਆਨ ਦਿਨ ਆ ਰਿਹਾ ਹੈ। ਸਤਿ ਸਤਿਯੁੱਗ ਵਿੱਚ ਸਾਰੇ ਜਗਦੀ ਜੋਤ ਹਨ। ਹੁਣ ਦੀਵਾ ਬਿਲਕੁਲ ਡਲ ਹੋ ਗਿਆ ਹੈ। ਭਾਰਤ ਵਿੱਚ ਹੀ ਦੀਵਾ ਜਗਾਉਣ ਦੀ ਰਸਮ ਹੈ। ਹੋਰ ਕੋਈ ਥੋੜ੍ਹੀ ਨਾ ਦੀਵਾ ਜਗਾਉਂਦੇ ਹਨ। ਤੁਹਾਡੀ ਜੋਤ ਉਝਾਈ ਹੋਈ ਹੈ। ਸਤੋਪ੍ਰਧਾਨ ਵਿਸ਼ਵ ਦੇ ਮਾਲਿਕ ਸੀ, ਉਹ ਤਾਕਤ ਘੱਟ ਹੁੰਦੇ - ਹੁੰਦੇ ਹੁਣ ਕੋਈ ਤਾਕਤ ਹੀ ਨਹੀਂ ਰਹੀ ਹੈ। ਫਿਰ ਬਾਪ ਆਏ ਹਨ ਤੁਹਾਨੂੰ ਤਾਕਤ ਦੇਣ। ਬੈਟਰੀ ਭਰਦੀ ਹੈ। ਆਤਮਾ ਨੂੰ ਪਰਮਾਤਮਾ ਬਾਪ ਦੀ ਯਾਦ ਰਹਿਣ ਨਾਲ ਹੀ ਬੈਟਰੀ ਭਰਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ -ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਹੁਣ ਨਾਟਕ ਪੂਰਾ ਹੋ ਰਿਹਾ ਹੈ, ਸਾਨੂੰ ਵਾਪਿਸ ਜਾਣਾ ਹੈ ਇਸਲਈ ਆਤਮਾ ਨੂੰ ਬਾਪ ਦੀ ਯਾਦ ਨਾਲ ਸਤੋਪ੍ਰਧਾਨ, ਪਾਵਨ ਜਰੂਰ ਬਣਨਾ ਹੈ। ਬਾਪ ਸਮਾਨ ਗਿਆਨ ਦਾ ਸਾਗਰ, ਸ਼ਾਂਤੀ ਦਾ ਸਾਗਰ ਹੁਣ ਹੀ ਬਣਨਾ ਹੈ।

2. ਇਸ ਦੇਹ ਤੋਂ ਵੀ ਪੂਰਾ ਬੈਗਰ ਬਣਨ ਦੇ ਲਈ ਬੁੱਧੀ ਵਿੱਚ ਰਹੇ ਕਿ ਇਨ੍ਹਾਂ ਅੱਖਾਂ ਤੋਂ ਜੋ ਕੁਝ ਵੀ ਵੇਖਦੇ ਹਾਂ, ਇਹ ਸਭ ਖਤਮ ਹੋ ਜਾਣਾ ਹੈ। ਸਾਨੂੰ ਬੈਗਰ ਤੋਂ ਪ੍ਰਿੰਸ ਬਣਨਾ ਹੈ। ਸਾਡੀ ਪੜ੍ਹਾਈ ਹੈ ਹੀ ਨਵੀਂ ਦੁਨੀਆਂ ਦੇ ਲਈ।

ਵਰਦਾਨ:- ਚਮਤਕਾਰ ਵਿਖਾਉਣ ਦੀ ਬਜਾਏ ਅਵਿਨਾਸ਼ੀ ਭਾਗ ਦਾ ਚਮਕਦਾ ਹੋਇਆ ਸਿਤਾਰਾ ਬਨਾਉਣ ਵਾਲੇ ਸਿੱਧੀ ਸਵਰੂਪ ਭਵ

ਅੱਜਕਲ ਜੋ ਅਲਪਕਾਲ ਦੀ ਸਿੱਧੀ ਵਾਲੇ ਹਨ ਉਹ ਲਾਸਟ ਵਿਚ ਉਪਰ ਤੋਂ ਆਉਣ ਦੇ ਕਾਰਣ ਸਤੋਪ੍ਰਧਾਨ ਸਟੇਜ ਦੇ ਪ੍ਰਮਾਣ ਪਵਿੱਤਰਤਾ ਦੇ ਫਲਸਵਰੂਪ ਅਲਪਕਾਲ ਦੇ ਚਮਤਕਾਰ ਵਿਖਾਉਂਦੇ ਹਨ ਲੇਕਿਨ ਉਹ ਸਿੱਧੀ ਸਦਾਕਾਲ ਨਹੀਂ ਰਹਿੰਦੀ ਕਿਉਂਕਿ ਥੋੜੇ ਸਮੇਂ ਵਿਚ ਹੀ ਸਤੋ, ਰਜੋ, ਤਮੋ ਤਿੰਨਾਂ ਸਟੇਜਿਸ ਤੋਂ ਪਾਰ ਕਰਦੇ ਹਨ। ਤੁਸੀ ਪਵਿੱਤਰ ਆਤਮਾਵਾਂ ਸਦਾ ਸਿੱਧੀ ਸਵਰੂਪ ਹੋ, ਚਮਤਕਾਰ ਵਿਖਾਉਣ ਦੀ ਬਜਾਏ ਚਮਕਦੀ ਹੋਈ ਜੋਤੀਸਵਰੂਪ ਬਨਾਉਣ ਵਾਲੇ ਹੋ। ਅਵਿਨਾਸ਼ੀ ਭਾਗ ਦਾ ਚਮਕਦਾ ਹੋਇਆ ਸਿਤਾਰਾ ਬਨਾਉਣ ਵਾਲੇ ਹੋ, ਇਸਲਈ ਸਭ ਤੁਹਾਡੇ ਕੋਲ ਹੀ ਅੰਚਲੀ ਲੈਣ ਆਉਣਗੇ।

ਸਲੋਗਨ:- ਬੇਹੱਦ ਦੀ ਵੈਰਾਗ ਵ੍ਰਿਤੀ ਦਾ ਵਾਯੂਮੰਡਲ ਹੋਵੇ ਤਾਂ ਸਹਿਜਯੋਗੀ ਸਹਿਯੋਗੀ ਬਣ ਜਾਣਗੇ।

******